**Sh. Joginder Singh**
**Deputy Registrar**
**(Student Welfare)**

**I.K. Gujral Punajb Technical University**
**Jalandhar- Kapurthala Highway, Kapurthala**
**Phone No. 9478098029**

Ref. No. IKGPTU/SW/DR/83-87 Date: 20.07.2022

**ਯਾਦ-ਪੱਤਰ-1**

**ਪ੍ਰਿੰਸੀਪਲ /ਡਾਇਰੈਕਟਰ**
**ਆਈ.ਕੇ.ਜੀ.ਪੀ.ਟੀ.ਯੂ. ਨਾਲ ਸਬੰਧਿਤ ਸਾਰੇ AICTE, Non-AICTE ਕਾਲਜ ਅਤੇ ਸਾਰੇ ਆਈ.ਕੇ.ਜੀ.ਪੀ.ਟੀ.ਯੂ.ਕੈਂਪਸ**

**ਵਿਸ਼ਾ :- ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਐੱਸ. ਸੀ. ਵਿਦਿਆਰਥੀਆਂ ਦੇ ਡੀ. ਐਮ. ਸੀ./ਡਿਗਰੀ ਅਤੇ ਰੋਲ ਨੰਬਰ ਨਾ ਰੋਕਣ ਸਬੰਧੀ।**

**ਯੂਨੀਵਰਸਿਟੀ ਵਲੋਂ ਜਾਰੀ ਹਵਾਲਾ ਪੱਤਰ ਨੰ: IKGPTU/SW/DR/ 69-73 ਮਿਤੀ 15-07-2022**

ਉਪਰੋਕਤ ਵਿਸ਼ੇ ਅਤੇ ਹਵਾਲਾ ਪੱਤਰ ਸਬੰਧੀ ਡਾਇਰੈਕਟਰ, ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਚੰਡੀਗੜ੍ਹ ਵਲੋਂ ਮਿਤੀ 13-07-2022 ਨੂੰ ਜਾਰੀ ਪੱਤਰ File No.. TECH-TE-2014/6/2020-SCHOLARSHIP-Part (1) I/393029/2022 ਸਬੰਧੀ ਸੰਸਥਾ ਦੇ ਮੁਖੀ ਵਲੋਂ ਪੱਤਰ ਵਿੱਚ ਦਰਸਾਏ ਅਨੁਸਾਰ ਅੰਡਰਟੇਕਿੰਗ /ਹਲਫ਼ੀਆ ਬਿਆਨ ਨਿਮਨ ਹਸਤਾਖਰੀ ਦੇ ਦਫਤਰ ਵਿਖੇ ਮਿਤੀ 19-07-2022 ਤੱਕ ਜਮਾਂ ਕਰਵਾਉਣ ਸਬੰਧੀ ਲਿਖਿਆ ਗਿਆ ਸੀ, ਪਰੰਤੂ ਆਪਜੀ ਵਲੋਂ ਅੱਜ ਤੱਕ ਪ੍ਰਾਪਤ ਨਹੀਂ ਹੋਇਆ ਹੈ।

ਇਸ ਲਈ ਆਪਜੀ ਨੂੰ ਦੁਬਾਰਾ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਦੇ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ਅਤੇ ਵਿਦਿਆਰਥੀ ਭਲਾਈ ਵਿਭਾਗ ਵਲੋਂ ਜਾਰੀ ਪੱਤਰ ਨੰ: IKGPTU/SW/DR/ 69-73 ਮਿਤੀ 15-07-2022 ਅਨੁਸਾਰ **ਅੰਡਰਟੇਕਿੰਗ /ਹਲਫ਼ੀਆ ਬਿਆਨ ਨਿਮਨ ਹਸਤਾਖਰੀ ਦੇ ਦਫਤਰ ਵਿਖੇ ਜਾਂ ਈ-ਮੇਲ** collegesfc@ptu.ac.in **ਦੁਆਰਾ ਮਿਤੀ 21-07-2022 ਤੱਕ ਭੇਜਣਾ** ਯਕੀਨੀ ਬਣਾਇਆ ਜਾਵੇ। ਨਿਰਧਾਰਿਤ ਮਿਤੀ ਤੱਕ ਅੰਡਰਟੇਕਿੰਗ /ਹਲਫ਼ੀਆ ਬਿਆਨ ਨਾ ਦੇਣ ਦੀ ਸੂਰਤ ਵਿੱਚ ਬਣਦੀ ਕਾਰਵਾਈ ਕੀਤੀ ਜਾਵੇਗੀ।

**ਡਿਪਟੀ ਰਜਿਸਟਰਾਰ**
**(ਵਿਦਿਆਰਥੀ ਭਲਾਈ ਵਿਭਾਗ)**

**ਉਤਾਰਾ: 1. ਰਜਿਸਟਰਾਰ: ਜਾਣਕਾਰੀ ਹਿੱਤ**
**2. ਡੀਨ (ਵਿਦਿਆਰਥੀ ਭਲਾਈ ਵਿਭਾਗ)**
**3. ਕੰਟਰੋਲਰ ਪ੍ਰੀਖਿਆਵਾਂ (AICTE/Non-AICTE ਸੰਸਥਾਵਾਂ ਅਤੇ ਯੂਨੀਵਰਸਿਟੀ ਦੇ ਕੈਂਪਸਾ ਦੇ Login-ID ਵਿੱਚ ਪਾਉਣ ਸਬੰਧੀ)**
**4. ਮੁਖੀ ITS, (ਯੂਨੀਵਰਸਿਟੀ ਦੀ ਵੈੱਬ ਸਾਇਟ ਤੇ ਪਾਉਣ ਲਈ )**

**Sh. Joginder Singh**
**Deputy Registrar**
**(Student Welfare)**

**I.K. Gujral Punajb Technical University**
**Jalandhar- Kapurthala Highway, Kapurthala**
**Phone No. 9478098029**

Ref. No. IKGPTU/SW/DR/69-73 Date: 15.07.2022

**ਪ੍ਰਿੰਸੀਪਲ /ਡਾਇਰੈਕਟਰ**
**ਆਈ.ਕੇ.ਜੀ.ਪੀ.ਟੀ.ਯੂ. ਨਾਲ ਸਬੰਧਿਤ ਸਾਰੇ AICTE, Non-AICTE ਕਾਲਜ ਅਤੇ ਸਾਰੇ ਆਈ.ਕੇ.ਜੀ.ਪੀ.ਟੀ.ਯੂ.ਕੈਂਪਸ**

**ਵਿਸ਼ਾ :- ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਐੱਸ. ਸੀ. ਵਿਦਿਆਰਥੀਆਂ ਦੇ ਡੀ. ਐਮ. ਸੀ./ਡਿਗਰੀ ਅਤੇ ਰੋਲ ਨੰਬਰ ਨਾ ਰੋਕਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਡਾਇਰੈਕਟਰ, ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਚੰਡੀਗੜ ਵਲੋਂ ਮਿਤੀ 13-07-2022 ਨੂੰ ਜਾਰੀ ਪੱਤਰ FileNo.. TECH-TE-2014/6/2020-SCHOLARSHIP-Part (1) I/393029/2022 ਪ੍ਰਾਪਤ ਹੋਇਆ ਹੈ, ਜਿਸ ਵਿੱਚ ਲਿਖਿਆ ਹੈ ਕਿ ਕੁਝ ਵਿਦਿਆਰਥੀਆਂ ਵਲੋਂ ਸ਼ਿਕਾਇਤਾਂ ਪ੍ਰਾਪਤ ਹੋ ਰਹੀਆਂ ਹਨ ਕਿ ਸਾਲ 2017-18 ਤੋਂ 2019-20 ਤੱਕ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੀ ਰਾਸ਼ੀ ਨਾ ਰਲੀਜ਼ ਹੋਣ ਕਾਰਣ ਕੁਝ ਪ੍ਰਾਈਵੇਟ ਸੰਸਥਾਵਾਂ ਵਲੋਂ ਐੱਸ. ਸੀ. ਵਿਦਿਆਰਥੀਆਂ ਦੇ ਡੀ. ਐਮ. ਸੀ./ਡਿਗਰੀ ਅਤੇ ਰੋਲ ਨੰਬਰ ਰੋਕੇ ਹੋਏ ਹਨ। (ਪੱਤਰ ਦੀ ਕਾਪੀ ਨਾਲ ਨੱਥੀ ਹੈ)

ਆਪਜੀ ਨੂੰ ਲਿਖਿਆ ਜਾਂਦਾ ਹੈ ਕਿ ਸਾਲ 2017-18 ਤੋਂ 2019-20 ਤੱਕ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੀ ਰਾਸ਼ੀ ਨਾ ਮਿਲਣ ਕਾਰਣ ਕਿਸੇ ਵੀ ਐੱਸ. ਸੀ. ਵਿਦਿਆਰਥੀਆਂ ਦੇ ਰੋਲ ਨੰਬਰ ਨਾ ਰੋਕੇ ਜਾਣ ਅਤੇ ਡਿਗਰੀਆਂ /ਸਰਟੀਫਿਕੇਟ ਤਰੁੰਤ ਰਲੀਜ਼ ਕਰ ਦਿੱਤੇ ਜਾਣ।

**ਉਪਰੋਕਰਤ ਸਬੰਧੀ ਸੰਸਥਾ ਦੇ ਮੁਖੀ ਵਲੋਂ ਜਾਰੀ ਹੇਠ ਲਿਖੇ ਅਨੁਸਾਰ ਅੰਡਰਟੇਕਿੰਗ /ਹਲਫ਼ੀਆ ਬਿਆਨ ਦਿੱਤਾ ਜਾਵੇ ਕਿ:-**

***" ਤਸਦੀਕ ਕੀਤਾ ਜਾਂਦਾ ਹੈ ਕਿ ਸਾਡੀ ਸੰਸਥਾ ਵਲੋਂ ਸਾਲ 2017-18 ਤੋਂ 2019-20 ਤੱਕ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੀ ਰਾਸ਼ੀ ਨਾ ਰਲੀਜ਼ ਹੋਣ ਕਾਰਣ ਕਿਸੇ ਵੀ ਐੱਸ. ਸੀ. ਵਿਦਿਆਰਥੀਆਂ ਦਾ ਰੋਲ ਨੰਬਰ/ਡਿਗਰੀ ਸਰਟੀਫਿਕੇਟ/ਡਿਪਲੋਮਾ ਸਰਟੀਫਿਕੇਟ ਅਤੇ ਡੀ. ਐਮ. ਸੀ. ਨਹੀਂ ਰੋਕੇ ਗਏ ਹਨ ਅਤੇ ਸਬੰਧਿਤ ਵਿਦਿਆਰਥੀਆਂ ਨੂੰ ਰੋਲ ਨੰਬਰ/ਡਿਗਰੀ ਸਰਟੀਫਿਕੇਟ/ਡਿਪਲੋਮਾ ਸਰਟੀਫਿਕੇਟ ਅਤੇ ਡੀ. ਐਮ. ਸੀ. ਰਲੀਜ਼ ਕਰ ਦਿੱਤੇ ਗਏ ਹਨ। "***

ਆਪਜੀ ਨੂੰ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਦੇ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ਅਤੇ ਅੰਡਰਟੇਕਿੰਗ /ਹਲਫ਼ੀਆ ਬਿਆਨ **ਨਿਮਨ ਹਸਤਾਖਰੀ ਦੇ ਦਫਤਰ ਵਿਖੇ ਮਿਤੀ 19-07-2022 ਤੱਕ ਜਮਾਂ ਕਰਵਾਉਣਾ** ਯਕੀਨੀ ਬਣਾਇਆ ਜਾਵੇ।

15/7/22
**ਡਿਪਟੀ ਰਜਿਸਟਰਾਰ**
**(ਵਿਦਿਆਰਥੀ ਭਲਾਈ ਵਿਭਾਗ)**

**ਉਤਾਰਾ: 1. ਰਜਿਸਟਰਾਰ: ਜਾਣਕਾਰੀ ਹਿੱਤ**
**2. ਡੀਨ (ਵਿਦਿਆਰਥੀ ਭਲਾਈ ਵਿਭਾਗ)**
**3. ਕੰਟਰੋਲਰ ਪ੍ਰੀਖਿਆਵਾਂ (AICTE/Non-AICTE ਸੰਸਥਾਵਾਂ ਅਤੇ ਯੂਨੀਵਰਸਿਟੀ ਦੇ ਕੈਂਪਸਾ ਦੇ Login-ID ਵਿੱਚ ਪਾਉਣ ਸਬੰਧੀ)**
**4. ਮੁਖੀ,ITS (ਯੂਨੀਵਰਸਿਟੀ ਦੀ ਵੈੱਬ-ਸਾਇਟ ਤੇ ਪਾਉਣ ਸਬੰਧੀ)**

ਵੱਲੋਂ,

ਡਾਇਰੈਕਟਰ,
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ
(ਤਕਨੀਕੀ ਸਿਖਿਆ ਵਿੰਗ)ਪੰਜਾਬ ਚੰਡੀਗੜ੍ਹ।

ਸੇਵਾ ਵਿਖੇ

1 ਰਜਿਸਟਰਾਰ, ਆਈ.ਕੇ.ਜੀ,ਪੰਜਾਬ ਤਕਨੀਕੀ ਯੂਨੀਵਰਸਿਟੀ ਕਪੂਰਥਲਾ।
2 ਰਜਿਸਟਰਾਰ, ਮਹਾਰਾਜਾ ਰਣਜੀਤ ਸਿੰਘ ਪੰਜਾਬ ਯੂਨੀਵਰਸਿਟੀ,ਬਠਿੰਡਾ।
3 ਰਜਿਸਟਰਾਰ,ਪੰਜਾਬ ਰਾਜ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ,ਪੰਜਾਬ,ਚੰਡੀਗੜ੍ਹ।

ਵਿਸ਼ਾ:- ਪੋਸਟ ਮੈਟ੍ਰਿਕ ਸਕਾਲਰ਼ਸਿਪ ਸਕੀਮ ਤਹਿਤ ਐਸ.ਸੀ. ਵਿਦਿਆਰਥੀਆਂ ਦੇ ਡੀ.ਐਮ.ਸੀ./ਡਿਗਰੀ ਅਤੇ ਰੋਲ ਨੰਬਰ ਨਾ ਰੋਕਣ ਸਬੰਧੀ।

ਹਵਾਲਾ:-ਇਸ ਦਫਤਰ ਦਾ ਪੱਤਰ ਨੰ: 131872 ਮਿਤੀ 16.1.2021 ਅਤੇ 24/ਈ.ਸੀ.ਸੀ ਮਿਤੀ 22.1.2021, ਪੱਤਰ ਨੰ: 248944 ਮਿਤੀ 15.9.2021,ਪੱਤਰ ਨੰ: 195301 ਮਿਤੀ 10.6.2021 ਅਤੇ ਪੱਤਰ ਨੰ: 304204 ਮਿਤੀ 10.1.2022 ਉਪਰੋਕਤ ਵਿਸ਼ੇ ਤੇ।

ਹਵਾਲਾ ਅਧੀਨ ਪੱਤਰਾਂ ਰਾਹੀਂ ਆਪ ਨੂੰ ਕਿਸੇ ਵੀ ਐਸ.ਸੀ. ਵਿਦਿਆਰਥੀਆਂ ਦੀ ਡਿਗਰੀ/ ਸਰਟੀਫਿਕੇਟ ਅਤੇ ਰੋਲ ਨੰ: ਨਾ ਰੋਕਣ ਸਬੰਧੀ ਹਦਾਇਤਾ ਜਾਰੀ ਕੀਤੀਆਂ ਹੋਈਆਂ ਹਨ ਅਤੇ ਇਸ ਸਬੰਧ ਵਿੱਚ ਏ.ਆਈ.ਸੀ.ਟੀ.ਈ. ਨਵੀਂ ਦਿੱਲੀ ਵਲੋ ਜਾਰੀ ਹਦਾਇਤਾ ਵੀ ਮਿਤੀ 18.1.2021 ਆਪਜੀ ਨੂੰ ਇਸ ਦਫਤਰ ਦੇ ਪੱਤਰ ਮਿਤੀ 10.6.2021 ਰਾਹੀਂ ਭੇਜੀਆਂ ਹੋਈਆਂ ਹਨ (ਕਾਪੀ ਨੱਥੀ ਹੈ)। ਪ੍ਰੰਤੂ ਕੁਝ ਵਿਦਿਆਰਥੀਆਂ ਵਲੋ ਸਿਕਾਇਤਾਂ ਪ੍ਰਾਪਤ ਹੋ ਰਹੀਆਂ ਹਨ ਕਿ ਸਾਲ 2017-18 ਤੋਂ 2019-20 ਤੱਕ ਦੇ ਪੋਸਟ ਮੈਟ੍ਰਿਕ ਸਕਾਲਰ਼ਸਿਪ ਦੀ ਰਾਸ਼ੀ ਨਾ ਰਲੀਜ ਹੋਣ ਕਾਰਨ ਕੁੱਝ ਪ੍ਰਾਈਵੇਟ ਸੰਸਥਾਵਾਂ ਵਲੋ ਐਸ.ਸੀ. ਵਿਦਿਆਰਥੀਆਂ ਦੇ ਡੀ.ਐਮ.ਸੀ./ਡਿਗਰੀ ਅਤੇ ਰੋਲ ਨੰਬਰ ਰੋਕੇ ਹੋਏ ਹਨ। ਮਾਨਯੋਗ ਨੈਸ਼ਨਲ ਕਮਿਸ਼ਨ, ਦਿੱਲੀ ਵਲੋ ਇਸ ਸਬੰਧੀ ਗੰਭੀਰ ਨੋਟਿਸ ਲਿਆ ਗਿਆ ਹੈ। ਇਸ ਸਬੰਧੀ ਪੀ.ਟੀ.ਯੂ. ਜਲੰਧਰ, ਐਮ.ਆਰ.ਐਸ.ਪੀ.ਟੀ.ਯੂ. ਬਠਿੰਡਾ ਅਤੇ ਪੰਜਾਬ ਰਾਜ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ ਵੱਲੋ ਹਲਫਿਆ ਬਿਆਨ ਵੀ ਦਿੱਤਾ ਗਿਆ ਸੀ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਕਿਸੇ ਵੀ ਅਨੁਸੂਚਿਤ ਜਾਤੀ ਦੇ ਵਿਦਿਆਰਥੀ ਦਾ ਰੋਲ ਨੰਬਰ/ਸਰਟੀਫਿਕੇਟ/ਡਿਗਰੀ ਨਹੀਂ ਰੋਕੇ ਗਏ ਅਤੇ ਸਬੰਧਤ ਵਿਦਿਆਰਥੀ ਨੂੰ ਰਲੀਜ ਕਰ ਦਿੱਤੇ ਗਏ ਹਨ। ਯੂਨੀਵਰਸਟੀਆਂ ਅਤੇ ਬੋਰਡ ਵਲੋ ਦਿੱਤਾ ਗਿਆ ਹਲਫਿਆ ਬਿਆਨ ਇਕ ਕਾਨੂੰਨੀ ਦਸਤਾਵੇਜ ਹੈ ਅਤੇ ਜੇਕਰ ਕੋਈ ਸੰਸਥਾ ਐਸ.ਸੀ. ਵਿਦਿਆਰਥੀ ਦੇ ਦਸਤਾਵੇਜ ਅਤੇ ਰੋਲ ਨੰਬਰ ਰੋਕਦੀ ਹੈ ਤਾਂ ਉਹ ਹਲਫਿਆ ਬਿਆਨ ਦੀ ਉਲਘੰਣਾ ਹੈ।

ਇਸ ਲਈ ਆਪਜੀ ਨੂੰ ਲਿਖਿਆ ਜਾਂਦਾ ਹੈ ਆਪ ਵਲੋ ਆਪਣੇ ਅਧੀਨ ਆਉਦੀਆਂ ਸੰਸਥਾਵਾਂ ਨੂੰ ਇਹ ਹਦਾਇਤ ਕੀਤੀ ਜਾਵੇ ਕਿ ਸਾਲ 2017-18 ਤੋ 2019-20 ਤੱਕ ਦੀ ਸਕਾਲਰਸ਼ਿਪ ਦੀ ਰਾਸੀ ਨਾ ਮਿਲਣ ਕਾਰਨ ਕਿਸੇ ਵੀ ਐਸ.ਸੀ. ਵਿਦਿਆਰਥੀਆਂ ਦੇ ਰੋਲ ਨੰਬਰ ਨਾ ਰੋਕੇ ਜਾਣ ਅਤੇ ਡਿਗਰੀਆਂ/ਸਰਟੀਫਿਕੇਟ ਤੁਰੰਤ ਰਲੀਜ ਕਰ ਦਿੱਤੇ ਜਾਣ।

ਇਸ ਤੋਂ ਇਲਾਵਾ ਆਪਜੀ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਇਸ ਸਬੰਧੀ ਇਕ ਨੋਡਲ ਅਫਸਰ ਨਿਯੁਕਤ ਕੀਤਾ ਜਾਵੇ ਅਤੇ ਜਿਸ ਦਾ ਨੰਬਰ ਸਾਰੇ ਵਿਦਿਆਰਥੀਆਂ ਦੇ Login ਵਿੱਚ ਪਾ ਦਿੱਤਾ ਜਾਵੇ। ਜੇਕਰ ਕੋਈ ਵਿਦਿਆਰਥੀ ਆਪ ਪਾਸ ਇਸ ਸਬੰਧੀ ਪਹੁੰਚ ਕਰਦਾ ਹੈ ਤਾਂ ਤੁਰੰਤ ਐਸ.ਸੀ ਵਿਦਿਆਰਥੀ ਦਾ ਨਵਾਂ ਡਿਗਰੀ/ਡਿਪਲੋਮਾ ਅਤੇ ਰੋਲ ਨੰਬਰ ਸਰਟੀਫਿਕੇਟ ਜਾਰੀ ਕੀਤਾ ਜਾਵੇ ਇਸ ਬਾਰੇ ਇਕ ਨੋਟਿਸ ਰਾਹੀਂ ਪ੍ਰਿੰਟ ਅਤੇ ਇਲੈਕਟ੍ਰੋਨਿਕ ਮੀਡੀਆਂ ਰਾਹੀਂ ਪ੍ਰਚਾਰ ਵੀ ਕੀਤਾ ਜਾਵੇ। ਇਥੇ ਇਹ ਵੀ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਸਮੂਹ ਕਾਲਜਾਂ ਤੋਂ ਸੂਚਨਾ ਪ੍ਰਾਪਤ ਕਰਕੇ ਮੁੜ ਤੋ ਹੇਠ ਅਨੁਸਾਰ ਹਲਫੀਆਂ ਬਿਆਨ ਦਿੱਤਾ ਜਾਵੇ ਕਿ:-

" ਤਸਦੀਕ ਕੀਤਾ ਜਾਂਦਾ ਹੈ ਕਿ ਯੂਨੀਵਰਸਿਟੀ/ਬੋਰਡ ਅਤੇ ਇੰਨਾਂ ਅਧੀਨ ਆਉਂਦੇ ਕਿਸੇ ਵੀ ਕਾਲਜ ਵੱਲੋ ਸਾਲ 2017-18 ਤੋਂ 2019-20 ਦੀ ਸਕਾਲਰਸ਼ਿਪ ਰਾਸ਼ੀ ਰਲੀਜ ਨਾ ਹੋਣ ਕਾਰਨ ਕਿਸੇ ਵੀ ਐਸ.ਸੀ. ਵਿਦਿਆਰਥੀ ਦਾ ਰੋਲ ਨੰਬਰ/ਡਿਗਰੀ ਸਰਟੀਫਿਕੇਟ/ਡਿਪਲੋਮਾ ਸਰਟੀਫਿਕੇਟ ਅਤੇ ਡੀ.ਐਮ.ਸੀ. ਨਹੀ ਰੋਕੇ ਗਏ ਹਨ ਅਤੇ ਸਬੰਧਤ ਵਿਦਿਆਰਥੀਆਂ ਨੂੰ ਰੋਲ ਨੰਬਰ/ਡਿਗਰੀ ਸਰਟੀਫਿਕੇਟ/ਡਿਪਲੋਮਾ ਸਰਟੀਫਿਕੇਟ ਅਤੇ ਡੀ.ਐਮ.ਸੀ ਰਲੀਜ ਕਰ ਦਿੱਤੇ ਗਏ ਹਨ।"

ਉਪਰੋਕਤ ਹਲਫੀਆਂ ਬਿਆਨ ਇੱਕ ਹਫਤੇ ਦੇ ਅੰਦਰ ਅੰਦਰ ਭੇਜਣਾ ਯਕੀਨੀ ਬਣਾਇਆ ਜਾਵੇ। ਸਾਲ 2017-18 ਤੋ 2019-20 ਦੀ ਸਕਾਲਰਸਿਪ ਦੀ ਰਾਸ਼ੀ ਨਾ ਰਲੀਜ ਹੋਣ ਕਾਰਨ ਜੇਕਰ ਕਿਸੇ ਵੀ ਸੰਸਥਾ ਵਲੋ ਐਸ.ਸੀ. ਵਿਦਿਆਰਥੀ ਦੇ ਡੀ.ਐਮ.ਸੀ./ਡਿਗਰੀ ਅਤੇ ਰੋਲ ਨੰਬਰ ਰੋਕੇ ਜਾਂਦੇ ਹਨ ਤਾਂ ਉਨਾਂ ਵਲੋ ਆਪਣੇ ਪੱਧਰ ਤੇ ਉਸ ਸੰਸਥਾ ਵਿਰੁੱਧ ਬਣਦੀ ਕਾਨੂੰਨੀ ਅਤੇ ਪ੍ਰਸ਼ਾਸਕੀ ਕਾਰਵਾਈ ਕੀਤੀ ਜਾਵੇ ਜੀ।

ਇੰਨਾ ਹਦਾਇਤਾ ਦੀ ਇੰਨ ਬਿਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

Darshan Singh Sidhu
Addl Director
13/07/2022

ਉਪਰੋਕਤ ਦਾ ਉਤਾਰਾ ਪ੍ਰਮੁੱਖ ਸਕੱਤਰ, ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ,ਪੰਜਾਬ, ਚੰਡੀਗੜ੍ਹ ਨੂੰ ਉਨਾਂ ਦੇ ਅੱਧ ਸਰਕਾਰੀ ਪੱਤਰ ਮਿਤੀ 30.6.2022 ਦੇ ਹਵਾਲੇ ਵਿੱਚ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

Darshan Singh Sidhu
Addl Director
13/07/2022